# ਉਸਾਰੀ ਦਾ ਤੁਹਾਡੇ ਭਾਈਚਾਰੇ ਵਿੱਚ ਪ੍ਰਭਾਵਾਂ ਦਾ ਪ੍ਰਬੰਧ

## ਸ਼ੋਰ, ਹਿਲਾਓ (ਵਾਈਬ੍ਰੇਸ਼ਨ) ਅਤੇ ਵਾਹਨਾਂ ਦੀ ਆਵਾਜਾਈ

ਅਸੀਂ NSW ਭਰ ਦੇ ਪਬਲਿਕ ਸਕੂਲਾਂ ਵਿੱਚ ਸਿੱਖਣ ਦੇ ਵਧੀਆ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਤਾਂ ਜੋ ਨੌਜਵਾਨਾਂ ਨੂੰ ਕਾਮਯਾਬ ਹੋਣ ਲਈ ਲੋੜੀਂਦੇ ਹੁਨਰ ਅਤੇ ਸਿੱਖਲਾਈ ਦਿੱਤੀ ਜਾ ਸਕੇ। ਅਸੀਂ ਨਵੇਂ ਅਤੇ ਅੱਪਗ੍ਰੇਡ ਕੀਤੇ ਸਕੂਲਾਂ ਵਿੱਚ ਇੱਕ ਰਿਕਾਰਡ ਨਿਵੇਸ਼ ਪ੍ਰਦਾਨ ਕਰ ਰਹੇ ਹਾਂ ਅਤੇ ਅਸੀਂ ਮੰਨਦੇ ਹਾਂ ਕਿ ਇਹ ਕੰਮ ਕਈ ਤਰ੍ਹਾਂ ਦੇ ਪ੍ਰਭਾਵਾਂ ਦਾ ਕਾਰਨ ਬਣ ਸਕਦਾ ਹੈ, ਜਿਵੇਂ ਕਿ:

**ਸੰਦਾਂ ਅਤੇ ਮਸ਼ੀਨਾਂ ਤੋਂ ਖੜਾਕਾ**

**ਢਾਹੁਣ, ਖੁਦਾਈ ਅਤੇ ਡ੍ਰਿਲਿੰਗ, ਤੋਂ ਹਿਲਾਓ (ਵਾਈਬ੍ਰੇਸ਼ਨ)**

**ਢਾਹੁਣ ਅਤੇ ਖੁਦਾਈ ਤੋਂ ਘੱਟਾ**

**ਵਧੀ ਹੋਈ ਟ੍ਰੈਫ਼ਿਕ ਜਾਂ ਸਥਾਨਕ ਸੜਕਾਂ ਤੇ ਆਵਾਜਾਈ ਦੇ ਸਾਧਨਾ ਦੀਆਂ ਸਥਿਤੀਆਂ ਵਿੱਚ ਤਬਦੀਲੀਆਂ**

ਅਸੀਂ ਇਨ੍ਹਾਂ ਦੁਆਰਾ ਉਸਾਰੀ ਦੇ ਪ੍ਰਭਾਵ ਨੂੰ ਘਟਾਉਣਾ ਚਾਹੁੰਦੇ ਹਾਂ:

**ਕੰਮ ਸ਼ੁਰੂ ਹੋਣ ਤੋਂ ਪਹਿਲਾਂ ਉਸਾਰੀ ਦੀ ਤਿਆਰੀ ਕਰਨੀ**

**ਗੁਆਂਢੀਆਂ ਜਾਂ ਹੋਰਨਾਂ ਨਾਲ ਗਲਬਾਤ ਕਰਨੀ ਜੋ ਕਿ ਕੰਮਾਂ ਤੋਂ ਪ੍ਰਭਾਵਿਤ ਹੋ ਸਕਦੇ ਹਨ**

**ਜੇ ਸੰਭਵ ਹੋਵੇ ਤਾਂ ਪ੍ਰਭਾਵਾਂ ਨੂੰ ਘਟਾਉਣ ਲਈ ਓਸਾਰੀ ਕਾਰਜਾਂ ਨੂੰ ਪੂਰੇ ਕਰਨ ਦਾ ਪ੍ਰਬੰਧ ਕਰਨਾ**

## ਕੰਮ ਸ਼ੁਰੂ ਹੋਣ ਤੋਂ ਪਹਿਲਾਂ ਉਸਾਰੀ ਦੀ ਯੋਜਨਾ ਬਣਾਉਣੀ

ਅਸੀਂ ਕਈ ਪਲਾਨ ਬਣਾਉਂਦੇ ਹਾਂ ਜਿਸ ਵਿੱਚ ਉਸਾਰੀ ਅਤੇ ਵਾਤਾਵਰਣ ਸਬੰਧਿਤ ਮੈਨੇਜਮੈਂਟ ਪਲਾਨ ਹਨ। ਇਨ੍ਹਾਂ ਯੋਜਨਾਵਾਂ ਦੀ ਰੂਪਰੇਖਾ ਦੱਸਦੀ ਹੈ ਕਿ ਅਸੀਂ ਉਸਾਰੀ ਦੇ ਪ੍ਰਭਾਵਾਂ ਦਾ ਪ੍ਰਬੰਧ ਕਿਵੇਂ ਕਰਾਂਗੇ ਜਿਨ੍ਹਾਂ ਦੀ ਸਾਡੀ ਸਾਈਟ 'ਤੇ ਹੋਣ ਦੀ ਸੰਭਾਵਨਾ ਹੈ।

ਹਰੇਕ ਉਸਾਰੀ ਵਾਲੀ ਥਾਂ ਵੱਖਰੀ ਹੁੰਦੀ ਹੈ ਅਤੇ ਅਸੀਂ ਹਰੇਕ ਪ੍ਰੋਜੈਕਟ ਦੇ ਅਨੁਕੂਲ ਹੋਣ ਲਈ ਵੱਖ ਵੱਖ ਉਸਾਰੀ ਪਹੁੰਚਾਂ ਦੀ ਵਰਤੋਂ ਕਰਦੇ ਹਾਂ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਹਰੇਕ ਪ੍ਰੋਜੈਕਟ ਦਾ ਪ੍ਰਬੰਧ ਕਰਨ ਦੀਆਂ ਸਾਡੀਆਂ ਯੋਜਨਾਵਾਂ ਵੱਖਰੀਆਂ ਹੋਣਗੀਆਂ। ਅਸੀਂ ਉਹਨਾਂ ਵਸਨੀਕਾਂ ਅਤੇ ਕਾਰੋਬਾਰਾਂ 'ਤੇ ਵੀ ਵਿਚਾਰ ਕਰਦੇ ਹਾਂ ਜੋ ਸਾਡੀਆਂ ਯੋਜਨਾਵਾਂ ਨੂੰ ਵਿਕਸਿਤ ਕਰਨ ਸਮੇਂ ਹਰੇਕ ਪ੍ਰੋਜੈਕਟ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ।

ਸਾਡੀ ਯੋਜਨਾ ਵਿਧੀ ਵਿੱਚ ਸ਼ਾਮਲ ਹਨ:

- ਉਹਨਾਂ ਲੋਕਾਂ ਦੀ ਪਹਿਚਾਣ ਕਰਨੀ ਜੋ ਉਸਾਰੀ ਦੇ ਸ਼ੋਰ ਅਤੇ ਵਾਈਬ੍ਰੇਸ਼ਨ ਨੂੰ ਸੁਣ ਜਾਂ ਮਹਿਸੂਸ ਕਰ ਸਕਦੇ ਹਨ ਜਾਂ ਉਹ ਕੰਮ ਤੋਂ ਪ੍ਰਭਾਵਿਤ ਹੋ ਸਕਦੇ ਹਨ
- ਪ੍ਰੋਜੈਕਟ ਲਈ ਕਾਨੂੰਨੀ ਅਤੇ ਰੈਗੂਲੇਟਰੀ ਸ਼ਰਤਾਂ ਅਤੇ ਲੋੜਾਂ ਨੂੰ ਅਪਨਾਉਣਾ। ਇਹ ਸਾਨੂੰ ਸਾਡੀ ਸਾਈਟ ਨੂੰ ਚਲਾਉਣ ਵੇਲੇ ਨਿਯਮਾਂ ਦੀ ਪਾਲਣਾ ਕਰਨ ਲਈ ਇੱਕ ਸ਼ਰਤਾਂ ਦੀ ਸੈਟ ਦਿੰਦੇ ਹਨ
- ਸਾਈਟ 'ਤੇ ਸ਼ੋਰ ਅਤੇ ਵਾਈਬ੍ਰੇਸ਼ਨ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਕੁਝ ਤਰੀਕਿਆਂ ਦੀ ਪਹਿਚਾਣ ਕਰਨੀ
- ਸਾਈਟ ਵਿੱਚ ਦਾਖਲ ਹੋਣ ਅਤੇ ਬਾਹਰ ਨਿਕਲਣ ਦੇ ਸਭ ਤੋਂ ਸੁਰੱਖਿਅਤ ਰਾਹਾਂ ਦੀ ਪਹਿਚਾਣ ਕਰਨੀ
- ਸਾਡੇ ਗੁਆਂਢੀਆਂ ਲਈ ਉਹਨਾਂ ਦੀਆਂ ਆਪਣੀਆਂ ਜਾਇਦਾਦਾਂ ਤੱਕ ਜਾਣ ਅਤੇ ਨਿਕਲਣ ਲਈ ਸੁਰੱਖਿਅਤ ਪ੍ਰਬੰਧ ਕਰਨਾ
- ਸਾਈਟ 'ਤੇ ਅਤੇ ਇਸ ਦੇ ਨੇੜੈ ਦੋਵਾਂ ਲਈ ਪਾਰਕਿੰਗ ਲਈ ਯੋਜਨਾਵਾਂ ਬਣਾਉਣੀਆਂ
- ਸਾਈਟ 'ਤੇ ਘੱਟੇ ਨੂੰ ਕੰਟਰੋਲ ਕਰਨ ਲਈ ਉਪਾਅ ਸਥਾਪਤ ਕਰਨੇ।

# ਉਸਾਰੀ ਦੌਰਾਨ ਬਿਲਡਿੰਗ ਸਾਇਟਾਂ ਦੇ ਪ੍ਰਭਾਵਾਂ ਦਾ ਪ੍ਰਬੰਧ ਕਰਨਾ

## ਸਥਾਨਕ ਭਾਈਚਾਰੇ 'ਤੇ ਸਾਡੇ ਪ੍ਰਭਾਵ ਨੂੰ ਘਟਾਉਣਾ

ਉਸਾਰੀ ਵਿਘਨਕਾਰੀ ਹੋ ਸਕਦੀ ਹੈ ਅਤੇ ਅਸੀਂ ਇਸ ਮਹੱਤਵਪੂਰਣ ਸਕੂਲ ਦੇ ਪ੍ਰੋਜੈਕਟ ਨੂੰ ਭੁਗਤਾਉਣ ਅਤੇ ਹਵਾਲੇ ਕਰਨ ਲਈ ਤੁਹਾਡੇ ਧੀਰਜ ਲਈ ਤੁਹਾਡਾ ਧੰਨਵਾਦ ਕਰਦੇ ਹਾਂ।

ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਨਾਲ ਅਸੀਂ ਉਸਾਰੀ ਤੋਂ ਪੈਦਾ ਹੋਏ ਸ਼ੋਰ ਅਤੇ ਵਾਈਬ੍ਰੇਸ਼ਨ ਦੇ ਪ੍ਰਭਾਵਾਂ ਨੂੰ ਘਟਾ ਸਕਦੇ ਹਾਂ। ਸਾਡੇ ਵਲੋਂ ਵਰਤੇ ਜਾਣ ਵਾਲੇ ਉਪਾਅ ਹਰੇਕ ਪ੍ਰੋਜੈਕਟ ਲਈ ਵੱਖਰੇ ਹੁੰਦੇ ਹਨ, ਪਰ (ਇਸ ਵਿੱਚ) ਸ਼ਾਮਲ ਹੋ ਸਕਦੇ ਹਨ:

- ਰੌਲੇ-ਰੱਪੇ ਵਾਲੇ ਉਪਕਰਣਾਂ ਨੂੰ ਕਲਾਸਰੂਮਾਂ ਅਤੇ ਘਰਾਂ ਤੋਂ ਦੂਰ ਰੱਖਣਾ
- ਸਾਜ਼ੋ-ਸਮਾਨ ਨੂੰ ਵੱਧੀਆਂ ਕ੍ਰਮ ਵਿੱਚ ਰੱਖਣ ਲਈ ਉਸ ਦੀ ਸਾਂਭ-ਸੰਭਾਲ ਕਰਨੀ
- ਬਹੁਤ ਰੌਲੇ-ਰੱਪੇ ਵਾਲੇ ਸਾਜ਼ੋ-ਸਮਾਨ ਅਤੇ ਔਜ਼ਾਰਾਂ (noisy equipment and tools) 'ਤੇ ਸ਼ੋਰ ਕੰਟਰੋਲ ਸਥਾਪਤ ਕਰਨਾ
- ਰੌਲੇ-ਰੱਪੇ ਵਾਲੇ ਕਾਰਜਾਂ ਨੂੰ ਸੰਵੇਦਨਸ਼ੀਲ ਸਮੇਂ ਨਾ ਕਰਨਾ
- ਰੌਲੇ-ਰੱਪੇ ਵਾਲੇ ਉਸਾਰੀ ਦੇ ਕੰਮ ਸਕੂਲ ਦੇ ਇਮਤਿਹਾਨਾਂ ਅਤੇ ਹੋਰ ਸਕੂਲ ਦੇ ਮਹੱਤਵਪੂਰਣ ਸਮਾਗਮਾਂ ਦੇ ਸਮੇਂ ਤੋਂ ਬਾਹਰ ਰੱਖਣੇ
- ਇਸ ਵਿੱਚ ਅਰਾਮ ਕਰਨ ਦੇ ਸਮੇਂ ਉਸਾਰੀ ਦੇ ਸਮੇਂ ਦੌਰਾਨ ਉੱਚ-ਅਵਾਜ਼ ਵਾਲੀਆਂ ਗਤੀਵਿਧੀਆਂ ਤੋਂ ਸਥਾਪਤ ਕਰਨੇ

ਸਥਾਨਕ ਭਾਈਚਾਰੇ 'ਤੇ ਪ੍ਰਭਾਵਾਂ ਦਾ ਪ੍ਰਬੰਧ ਕਰਨ ਲਈ ਅਸੀਂ ਉਸਾਰੀ ਠੇਕੇਦਾਰਾਂ ਨਾਲ ਕੰਮ ਕਰਦੇ ਹਾਂ। ਅਸੀਂ ਇਹਨਾਂ ਤੋਂ ਕੰਮ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਸਮਰਥਨ ਦੀ ਇਹ ਉਮੀਦ ਕਰਦੇ ਹਾਂ:

- ਇਸ ਵਿੱਚ ਸਾਡੇ ਇਕਰਾਰਨਾਮਿਆਂ ਵਿੱਚ ਸ਼ਰਤਾਂ ਸ਼ਾਮਲ ਕਰਨੀਆਂ ਹਨ ਜੋ ਉਹਨਾਂ ਨੂੰ ਪੂਰੀਆਂ ਕਰਨੀਆਂ ਪੈਣਗੀਆਂ
- ਉਸਾਰੀ ਦੇ ਕਾਮਿਆ ਨਾਲ ਗਲਬਾਤ ਕਰਨੀ ਤਾਂ ਜੋ ਉਨ੍ਹਾਂ ਦੀ ਸਾਈਟ 'ਤੇ ਨਿਯਮਾਂ ਸਬੰਧੀ ਯਾਦ ਤਾਜ਼ਾ ਕੀਤੀ ਜਾ ਸਕੇ
- ਕਾਮਿਆਂ ਨੂੰ ਇਹ ਯਾਦ ਕਰਾਉਣ ਲਈ ਕਿ ਉਹ ਸਾਈਟ 'ਤੇ ਸ਼ੋਰ ਨੂੰ ਕਿਵੇਂ ਘਟਾ ਸਕਦੇ ਹਨ, ਸਾਈਟ ਦੇ ਆਲੇ-ਦੁਆਲੇ ਸੰਕੇਤ (signage) ਲਗਾਉਣੇ

ਅਸੀਂ ਉਸਾਰੀ ਦੇ ਅਧੁਨਿਕ ਤਰੀਕੇ (MMC) ਪੇਸ਼ ਕਰ ਰਹੇ ਹਾਂ ਜੋ ਉਸਾਰੀ ਦੇ ਸ਼ੋਰ ਅਤੇ ਵਿਘਨ ਨੂੰ ਘਟਾਉਣ ਵਿੱਚ ਸਹਾਇਤਾ ਕਰ ਸਕਦੇ ਹਨ। ਇਸ ਵਿੱਚ ਫੈਕਟਰੀ ਪੁਰਜਿਆਂ ਦਾ ਨਿਰਮਾਣ ਕਰਨਾ, ਫਿਰ ਉਹਨਾਂ ਨੂੰ ਇਕੱਤਰ (ਅਸੈਂਬਲ) ਕਰਨ ਲਈ ਸਾਈਟ 'ਤੇ ਲਿਜਾਣਾ ਸ਼ਾਮਲ ਹੈ। ਇਸ ਦਾ ਮਤਲਬ ਹੈ ਕਿ (MMC) ਪ੍ਰੋਜੈਕਟਾਂ ਵਿੱਚ, ਘੱਟ ਸ਼ੋਰ, ਘੱਟ ਧੂੜ, ਘੱਟ ਆਵਾਜਾਈ ਅਤੇ ਘੱਟ ਵਿਘਨ ਹੋਣਗੇ।

## ਉਸਾਰੀ 'ਤੇ ਕੰਮ ਕਰਨ ਦੇ ਸਮੇਂ

ਕਈ ਵਾਰ ਸਾਨੂੰ ਆਮ ਕੰਮਕਾਜੀ ਘੰਟਿਆਂ ਤੋਂ ਬਾਹਰ ਕੰਮ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਘੰਟਿਆਂ ਤੋਂ ਬਾਹਰ ਦੇ ਕੰਮ ਵਿੱਚ ਸ਼ਾਮਲ ਹੋ ਸਕਦੇ ਹਨ:

- ਵੱਡੇ ਆਕਾਰ ਦੇ ਟਰੱਕਾਂ ਨੂੰ ਸਾਇਟ 'ਤੇ ਵੱਡੀਆਂ ਡਲਿਵਰੀਆਂ ਕਰਨ ਦੀ ਇਜਾਜ਼ਤ ਦੇਣ ਲਈ ਸੜਕਾਂ ਬੰਦ ਕਰਨ ਦੀ ਲੋੜ
- ਟੈਲੀਫੋਨ, ਪਾਣੀ, ਬਿਜਲੀ ਜਾਂ ਸੀਵਰੇਜ ਲਈ ਪਾਈਪਾਂ ਅਤੇ ਕੇਬਲਾਂ ਨੂੰ ਤਬਦੀਲ ਕਰਨਾ
- ਸਾਈਟ 'ਤੇ ਸੰਕਟ ਸਮੇਂ ਦਾ ਕੰਮ ਕਰਨ ਦੀ ਲੋੜ।

ਆਮ ਉਸਾਰੀ ਲਈ ਕੰਮ ਕਰਨ ਦੇ ਘੰਟੇ ਹਨ:

- ਸੋਮਵਾਰ ਤੋਂ ਸ਼ੁਕਰਵਾਰ ਤੱਕ ਸੁਬਾ 7 ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤੱਕ
- ਸ਼ਨੀਚਰਵਾਰ ਸਵੇਰ ਦੇ 8 ਵਜੇ ਤੋਂ ਲੈ ਕੇ ਦੁਪਿਹਰ ਦੇ 1 ਵਜੇ ਤੱਕ
- ਐਤਵਾਰ ਜਾਂ ਜਨਤਕ ਛੁਟੀ ਵਾਲੇ ਦਿਨਾਂ ਵਿੱਚ ਕੋਈ ਕੰਮ ਨਹੀਂ

## ਤੁਹਾਨੂੰ ਸਾਡੇ ਉਸਾਰੀ ਦੇ ਕਾਰਜ ਬਾਰੇ ਦੱਸ ਰਹੇ ਹਾਂ

ਉਸਾਰੀ ਦੇ ਦੌਰਾਨ, ਅਸੀਂ ਵਿਘਨਕਾਰੀ ਕੰਮ ਹੋਣ ਤੋਂ ਪਹਿਲਾਂ ਆਪਣੇ ਗੁਆਂਢੀਆਂ ਨੂੰ ਸੂਚਿਤ ਕਰਾਂਗੇ। ਅਸੀਂ ਤੁਹਾਨੂੰ ਇਸ ਬਾਰੇ ਦੱਸਾਂਗੇ:

- ਕਦੋਂ ਅਸੀਂ ਕੰਮ ਸ਼ੁਰੂ ਅਤੇ ਖਤਮ ਕਰਨ ਦੀ ਉਮੀਦ ਕਰਦੇ ਹਾਂ
- ਕੰਮ ਦੀਆਂ ਕਿਸਮਾਂ ਜੋ ਅਸੀਂ ਸਾਈਟ 'ਤੇ ਕਰਾਂਗੇ
- ਕੰਮ ਤੋਂ ਕਿਸ ਕਿਸਮ ਦੀ ਰੁਕਾਵਟ ਦੀ ਉਮੀਦ ਕਰਨੀ ਚਾਹੀਦੀ ਹੈ
- ਕੰਮ ਬਾਰੇ ਤੁਹਾਡੇ ਸਵਾਲਾਂ ਜਾਂ ਸ਼ਿਕਾਇਤਾਂ ਲਈ ਸਾਡੇ ਨਾਲ ਸੰਪਰਕ ਕਰਨ ਲਈ ਫੋਨ ਨੰਬਰ।

ਜੇ ਸਾਨੂੰ ਅਚਾਨਕ ਸਮੇਂ ਤੋਂ ਬਾਹਰ ਕੰਮ ਕਰਨ ਦੀ ਲੋੜ ਪਵੇ, ਤਾਂ ਅਸੀਂ ਬਾਅਦ ਵਿੱਚ ਜਿੰਨੀ ਜਲਦੀ ਹੋ ਸਕੇ ਇਸ ਦੇ ਕਾਰਨਾਂ ਬਾਰੇ ਦੱਸਾਂਗੇ।

ਤੁਸੀਂ ਸਾਡੀ ਵੈਬਸਾਈਟ 'ਤੇ ਸਕੂਲ ਦੇ ਬੁਨਿਆਦੀ ਢਾਂਚੇ ਦੇ NSW ਦੇ ਪ੍ਰੋਜੈਕਟਾਂ ਬਾਰੇ ਹੋਰ ਜਾਣਕਾਰੀ ਇਥੇ ਜਾ ਕੇ ਪ੍ਰਾਪਤ ਕਰ ਸਕਦੇ ਹੋ। ਇਥੇ ਜਾਓ: schoolinfrastructure.nsw.gov.au ਇਥੇ ਸਰਚ ਬਾਰ ਵਿੱਚ ਸਕੂਲ ਦਾ ਨਾਮ ਦਰਜ ਕਰੋ।

**ਅਨੁਵਾਦ ਅਤੇ ਦੁਭਾਸ਼ਿਆਈ ਸੇਵਾ ਲਈ 131 450** 'ਤੇ ਫੋਨ ਕਰੋ ਅਤੇ ਉਨ੍ਹਾਂ ਨੂੰ ਸਿਖਿਆ ਵਿਭਾਗ NSW ਦੇ -ਸਕੂਲ ਬੁਨਿਆਦੀ ਢਾਂਚੇ ਨੂੰ **1300 482 651** 'ਤੇ ਫੋਨ ਕਰਨ ਲਈ ਕਹੋ।

**ਇਸ ਬਾਰੇ ਵਧੇਰੇ ਜਾਣਕਾਰੀ ਕਿ ਅਸੀਂ ਉਸਾਰੀ ਦੇ ਪ੍ਰਭਾਵਾਂ ਦਾ ਪ੍ਰਬੰਧ ਕਿਵੇਂ ਕਰਦੇ ਹਾਂ, ਸਾਡੇ ਨਾਲ ਸੰਪਰਕ ਕਰੋ:**

ਈਮੇਲ: schoolinfrastructure@det.nsw.edu.au
ਫੋਨ:1300 482 651